Care Quality Commission

# ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਦੇ ਸਾਡੇ ਵਿਨਿਯਮ ਲਈ ਮਨੁੱਖੀ ਅਧਿਕਾਰਾਂ ਦੀ ਪਹੁੰਚ

## (Human rights approach for our regulation of health and social care services)

## ਸਾਰ

ਸਤੰਬਰ 2014

ਕੇਅਰ ਕੁਆਲਿਟੀ ਕਮਿਸ਼ਨ (**Care Quality Commission**) ਇੰਗਲੈਂਡ ਵਿੱਚ ਸਿਹਤ ਅਤੇ ਬਾਲਗ ਸਮਾਜਿਕ ਦੇਖਭਾਲ ਦਾ ਸੁਤੰਤਰ ਨਿਯੰਤ੍ਰਕ ਹੈ।

## ਸਾਡਾ ਉਦੇਸ਼ (Our purpose)

ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਲੋਕਾਂ ਨੂੰ ਸੁਰੱਖਿਅਤ, ਪ੍ਰਭਾਵਸ਼ਾਲੀ, ਹਮਦਰਦੀਪੂਰਨ, ਉੱਚ ਕੁਆਲਿਟੀ (ਗੁਣਵੱਤਾ) ਵਾਲੀ ਦੇਖਭਾਲ ਮੁਹੱਈਆ ਕਰਨ ਅਤੇ ਅਸੀਂ ਦੇਖਭਾਲ ਸੇਵਾਵਾਂ ਨੂੰ ਸੁਧਾਰ ਕਰਨ ਲਈ ਉਤਸਾਹਿਤ ਕਰਦੇ ਹਾਂ।

## ਸਾਡੀ ਭੂਮਿਕਾ (Our role)

ਅਸੀਂ ਇਹ ਗੱਲ ਯਕੀਨੀ ਬਣਾਉਣ ਲਈ ਸੇਵਾਵਾਂ ਦਾ ਨਿਰੀਖਣ, ਜਾਂਚ ਅਤੇ ਨਿਯੰਤ੍ਰਣ ਕਰਦੇ ਹਾਂ ਕਿ ਉਹ ਕੁਆਲਿਟੀ ਅਤੇ ਸੁਰੱਖਿਆ ਦੇ ਬੁਨਿਆਦੀ ਮਾਪਦੰਡਾਂ ਨੂੰ ਪੂਰਾ ਕਰਨ ਅਤੇ ਜੋ ਜਾਣਕਾਰੀ ਅਸੀਂ ਪ੍ਰਾਪਤ ਕਰਦੇ ਹਾਂ ਉਸ ਨੂੰ ਪ੍ਰਕਾਸ਼ਤ ਕਰਦੇ ਹਾਂ, ਜਿਸ ਵਿੱਚ ਲੋਕਾਂ ਦੀ ਦੇਖਭਾਲ ਦੀ ਚੋਣ ਕਰਨ ਵਿੱਚ ਮਦਦ ਲਈ ਕਾਰਗੁਜ਼ਾਰੀ ਦਰਜੇਬੰਦੀ ਵੀ ਸ਼ਾਮਲ ਹੁੰਦੀ ਹੈ।

## ਸਾਡੇ ਸਿਧਾਂਤ (Our principles)

- ਅਸੀਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਪਣੇ ਕੰਮ ਦੇ ਕੇਂਦਰ ਵਿੱਚ ਰੱਖਦੇ ਹਾਂ।
- ਅਸੀਂ ਸੁਤੰਤਰ, ਸਖਤ (ਦ੍ਰਿੜ), ਨਿਰਪੱਖ ਅਤੇ ਸਥਿਰ ਹਾਂ।
- ਸਾਡਾ ਸਭਿਆਚਾਰ ਖੁੱਲ੍ਹਾ ਅਤੇ ਪਹੁੰਚਯੋਗ ਹੈ।
- ਅਸੀਂ ਸਮੁੱਚੀ ਸਿਹਤ ਅਤੇ ਸਮਾਜਿਕ ਦੇਖਭਾਲ ਵਿਵਸਥਾ ਨਾਲ ਭਾਈਵਾਲੀ ਵਿੱਚ ਕੰਮ ਕਰਦੇ ਹਾਂ।
- ਅਸੀਂ ਉੱਚ ਕਾਰਗੁਜ਼ਾਰੀ ਵਾਲਾ ਸੰਗਠਨ ਬਣਨ ਲਈ ਵਚਨਬੱਧ ਹਾਂ ਅਤੇ ਆਪਣੇ ਤੇ ਨਿਰੰਤਰ ਸੁਧਾਰ ਦੇ ਉਹੀ ਮਿਆਰ ਲਾਗੂ ਕਰਦੇ ਹਾਂ ਜਿਹਨਾਂ ਦੀ ਆਸ ਅਸੀਂ ਦੂਜਿਆਂ ਤੋਂ ਕਰਦੇ ਹਾਂ।
- ਅਸੀਂ ਸਮਾਨਤਾ, ਵਿਭਿੰਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰਦੇ ਹਾਂ।

ਸਾਡੀ ਰਣਨੀਤੀ ਇਹ ਦੱਸਦੀ ਹੈ ਕਿ CQC ਦੇ ਸਿਧਾਂਤਾਂ ਵਿੱਚੋਂ ਇੱਕ ਸਿਧਾਂਤ "ਸਮਾਨਤਾ, ਵਿਭਿੰਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰਨਾ ਹੈ"।

ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਭਾਵ ਵਿਸ਼ਲੇਸ਼ਣ ਜੋ CQC ਰਣਨੀਤੀ ਦੇ ਨਾਲ ਹੁੰਦਾ ਹੈ, ਵਿੱਚ ਅਸੀਂ ਦੇਖਭਾਲ ਸੇਵਾਵਾਂ ਦੇ ਆਪਣੇ ਵਿਨਿਯਮ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਆਪਣੀ ਪਹੁੰਚ ਦਾ ਵਿਕਾਸ ਕਰਨ ਦਾ ਵਾਅਦਾ ਕੀਤਾ। ਇਹ ਦਸਤਾਵੇਜ਼ ਸਾਡੀ ਪਹੁੰਚ ਦਾ ਸਾਰ ਹੈ - ਜੋ ਅਪ੍ਰੈਲ ਤੋਂ ਲੈ ਕੇ ਜੂਨ 2014 ਦਰਮਿਆਨ ਡ੍ਰਾਫਟ ਪਹੁੰਚ ਬਾਰੇ ਕਰਵਾਏ ਗਏ ਜਨਤਕ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤਾ ਗਿਆ। ਇਹ ਮਨੁੱਖੀ ਅਧਿਕਾਰਾਂ ਬਾਰੇ ਉਸ ਜਾਣਕਾਰੀ ਦੀ ਪੂਰਕ (ਸਹਾਇਕ) ਹੈ ਜਿਸ ਨੂੰ ਸਾਡੇ ਪ੍ਰਦਾਤਾ ਦੀਆਂ ਹੈਂਡਬੁੱਕਸ ਵਿੱਚ ਜੋੜਿਆ ਗਿਆ ਹੈ।

# ਵਿਸ਼ਾ-ਸੂਚੀ


1. ਸਾਨੂੰ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੀ ਲੋੜ ਕਿਉਂ ਹੈ? ........ 5

**2.** ਮਨੁੱਖੀ ਅਧਿਕਾਰਾਂ ਤੋਂ ਸਾਡਾ ਕੀ ਭਾਵ ਹੈ? ........ 7

2.1 ਨੀਤੀ ਸਬੰਧੀ ਸੰਦਰਭ ........ 8

2.2 ਸਾਡੇ ਮਨੁੱਖੀ ਅਧਿਕਾਰਾਂ ਦੇ ਸਿਧਾਤਾਂ ਦੀਆਂ ਪਰਿਭਾਸ਼ਾਵਾਂ ........ 9

**3.** ਮੁਲਾਂਕਣ ਢਾਂਚਿਆਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਸਥਾਪਤ ਕਰਨਾ ........ 10

**4.** ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਸਾਡੇ ਹਰੇਕ ਖੇਤਰ ਦੇ ਵਿਨਿਯਮ ਵਿੱਚ ਲਾਗੂ ਕਰਨਾ ........ 12

4.1 ਮਨੁੱਖੀ ਅਧਿਕਾਰਾਂ ਲਈ ਜੋਖਮ ਦੀ ਪਹਿਚਾਣ ਕਰਨੀ ........ 12

4.2 ਮਨੁੱਖੀ ਅਧਿਕਾਰਾਂ ਲਈ ਜਾਂਚ ਕਰਨੀ ........ 13

4.3 ਮਨੁੱਖੀ ਅਧਿਕਾਰਾਂ ਵਿੱਚ ਭਰੋਸਾ ਪੈਦਾ ਕਰਨਾ: ਰਜਿਸਟ੍ਰੇਸ਼ਨ ਅਤੇ ਜਾਂਚ ਟੀਮਾਂ ਲਈ ਸਿੱਖਿਆ ਅਤੇ ਵਿਕਾਸ ....14

4.4 ਮਨੁੱਖੀ ਅਧਿਕਾਰਾਂ ਲਈ ਸਾਡੀ ਪਹੁੰਚ ਬਾਰੇ ਦੱਸਣਾ ........ 14

**5.** ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਲਾਗੂ ਕਰਨ ਲਈ ਸਿਧਾਂਤ........ **16**

**6.** ਨਿਰੰਤਰ ਸੁਧਾਰ ਅਤੇ ਰਾਸ਼ਟਰੀ ਰਿਪੋਰਟਿੰਗ........ **17**

ਸਾਡੇ ਨਾਲ ਸੰਪਰਕ ਕਰੋ........ **19**

# ਸਾਨੂੰ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੀ ਲੋੜ ਕਿਉਂ ਹੈ? (Why do we need a human rights approach?)

ਸਾਨੂੰ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੀ ਲੋੜ ਇਸ ਲਈ ਹੈ ਕਿਉਂਕਿ:

ਵਿਭਿੰਨਤਾ ਦਾ ਸਤਿਕਾਰ ਕਰਨ, ਸਮਾਨਤਾ ਨੂੰ ਪ੍ਰੋਤਸਾਹਿਤ ਕਰਨ ਅਤੇ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਉਣ ਨਾਲ ਇਹ ਗੱਲ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਨੂੰ ਸੁਰੱਖਿਅਤ ਅਤੇ ਚੰਗੀ ਕੁਆਲਿਟੀ ਵਾਲੇ ਦੇਖਭਾਲ ਮਿਲੇ। ਇਹ ਸਾਡਾ ਮੂਲ ਮਕਸਦ ਹੈ।

ਜਿਸ ਤਰੀਕੇ ਨਾਲ ਅਸੀਂ ਨਿਯੰਤ੍ਰਣ ਕਰਦੇ ਹਾਂ ਉਸ ਵਿੱਚ ਮਨੁੱਖੀ ਅਧਿਕਾਰਾਂ ਨੂੰ ਲਗਾਤਾਰ ਜੋੜ ਕੇ ਸਾਡੀ ਮਨੁੱਖੀ ਅਧਿਕਾਰਾਂ ਬਾਰੇ ਪਹੁੰਚ ਸਾਡੇ ਪੰਜ ਪ੍ਰਮੁੱਖ ਪ੍ਰਸ਼ਨਾਂ (ਕੀ ਸੇਵਾਵਾਂ, ਸੁਰੱਖਿਅਤ, ਅਸਰਦਾਇਕ, ਦੇਖਭਾਲ ਵਾਲੀਆਂ, ਪ੍ਰਤੀਉੱਤਰਦਾਈ ਅਤੇ ਚੰਗੀ-ਅਗਵਾਈ ਵਾਲੀਆਂ ਹਨ?) ਦੀ ਵਰਤੋਂ ਨਾਲ ਇਸ ਸਿਧਾਤ ਨੂੰ ਸਾਡੇ ਉਦੇਸ਼ ਵਿੱਚ ਲਾਗੂ ਕਰਨ ਲਈ ਸਾਡੀ ਮਦਦ ਕਰੇਗੀ।

ਸਾਡਾ ਮਨੁੱਖੀ ਅਧਿਕਾਰਾਂ ਦੀ ਪਹੁੰਚ ਸਬੰਧੀ ਡਾਇਗ੍ਰਾਮ (ਚਿੱਤਰ 1) ਇਹ ਦਿਖਾਉਂਦਾ ਹੈ ਕਿ ਅਸੀਂ ਵਿਨਿਯਮ ਪ੍ਰਤੀ ਆਪਣੀ ਨਵੀਂ ਪਹੁੰਚ ਦੇ ਵਿਕਾਸ ਦੇ ਹਰੇਕ ਪੜਾਅ ਵਿੱਚ ਕਿਵੇਂ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਜੋੜਨ ਦੀ ਕੋਸ਼ਿਸ਼ ਕਰਦੇ ਹਾਂ।

## ਚਿੱਤਰ 1: ਸਾਡੀ ਮਨੁੱਖੀ ਅਧਿਕਾਰਾਂ ਬਾਰੇ ਪਹੁੰਚ

| | | |
|---|---|---|
| **1.** ਸਾਨੂੰ ਮਨੁੱਖੀ ਅਧਿਕਾਰਾਂ ਬਾਰੇ ਪਹੁੰਚ ਦੀ ਲੋੜ ਕਿਉਂ ਪੈਂਦੀ ਹੈ? | CQC ਦੇ ਸਿਧਾਂਤਾਂ ਨੂੰ ਲਾਗੂ ਕਰਨਾ:<br>*ਸਮਾਨਤਾ, ਵਿਭਿੰਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰਨਾ* | CQC ਦੇ ਉਦੇਸ਼ ਲਈ:<br>*ਅਸੀਂ ਇਹ ਗੱਲ ਯਕੀਨੀ ਬਣਾਉਂਦੇ ਹਾਂ ਕਿ, ਹਸਪਤਾਲ, ਕੇਅਰ ਹੋਮਜ਼, ਡੈਂਟਲ ਅਤੇ GP ਸਰਜਰੀਆਂ, ਅਤੇ ਇੰਗਲੈਂਡ ਦੀਆਂ ਹੋਰ ਸਾਰੀਆਂ ਦੇਖਭਾਲ ਸੇਵਾਵਾਂ ਲੋਕਾਂ ਨੂੰ ਸੁਰੱਖਿਅਤ, ਅਸਰਦਾਰ, ਹਮਦਰਦੀਪੂਰਨ ਅਤੇ ਉੱਚ-ਕੁਆਲਿਟੀ ਵਾਲੀ ਦੇਖਭਾਲ ਮੁਹੱਈਆ ਕੀਤੀ ਜਾਵੇ, ਅਤੇ ਅਸੀਂ ਸੁਧਾਰ ਕਰਨ ਲਈ ਉਹਨਾਂ ਨੂੰ ਉਤਸਾਹਿਤ ਕਰਦੇ ਹਾਂ* |
| **2.** ਮਨੁੱਖੀ ਅਧਿਕਾਰਾਂ ਤੋਂ ਸਾਡਾ ਕੀ ਭਾਵ ਹੈ? | ਆਪਣੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਨੂੰ ਲਾਗੂ ਕਰਨਾ:<br>• ਨਿਰਪੱਖਤਾ<br>• ਸਤਿਕਾਰ<br>• ਸਮਾਨਤਾ<br>• ਮਾਣ<br>• ਖੁਦਮੁਖਤਿਆਰੀ<br>• ਜੀਵਨ ਦਾ ਅਧਿਕਾਰ<br>• ਸਟਾਫ ਦੇ ਅਧਿਕਾਰ | ਸਾਡੇ ਪੰਜ ਪ੍ਰਮੁੱਖ ਪ੍ਰਸ਼ਨਾਂ ਲਈ:<br>ਕੀ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ:<br>• ਸੁਰੱਖਿਅਤ ਹਨ?<br>• ਅਸਰਦਾਰ ਹਨ?<br>• ਦੇਖਭਾਲ ਕਰਨ ਵਾਲੀਆਂ ਹਨ?<br>• ਲੋਕਾਂ ਦੀਆਂ ਲੋੜਾਂ ਲਈ ਪ੍ਰਤੀਉੱਤਰਦਾਈ ਹਨ?<br>• ਚੰਗੀ ਅਗਵਾਈ ਵਾਲੀਆਂ ਹਨ? |

ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਲਈ ਸੇਧ

| | |
|---|---|
| **3.** ਮੁਲਾਂਕਣ ਢਾਂਚੇ ਵਿੱਚ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਨੂੰ ਸਥਾਪਤ ਕਰਨਾ | • ਵਿਨਿਯਮ (ਡਿਪਾਰਟਮੈਂਟ ਆਫ ਹੈਲਥ ਦੀ ਅਗਵਾਈ ਵਿੱਚ)<br>• ਇਸ ਬਾਰੇ ਸੇਧ ਕਿ ਅਸੀਂ ਕਿਵੇਂ ਸੇਵਾਵਾਂ ਨੂੰ ਨਿਯੰਤ੍ਰਿਤ ਕਰਦੇ ਹਾਂ<br>• ਗੌਰ ਕੀਤੇ ਜਾਣ ਵਾਲੇ ਪ੍ਰਮੁੱਖ ਮੁੱਦੇ |
| **4.** ਹਰ ਪ੍ਰਕਾਰ ਦੀ ਸੇਵਾ ਲਈ ਆਪਣੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਦਾ ਵਿਕਾਸ ਕਰਨਾ | • ਮਨੁੱਖੀ ਅਧਿਕਾਰਾਂ ਲਈ ਜੋਖਮ: ਉਪਾਆਂ ਅਤੇ ਡੈਟੇ ਦਾ ਨਿਰੀਖਣ<br>• ਮਨੁੱਖੀ ਅਧਿਕਾਰਾਂ ਲਈ ਜਾਂਚ ਕਰਨੀ: ਤਰੀਕੇ, ਸਾਧਨ, ਜਾਣਕਾਰੀ<br>• ਮਨੁੱਖੀ ਅਧਿਕਾਰਾਂ ਵਿੱਚ ਭਰੋਸਾ ਪੈਦਾ ਕਰਨਾ: ਜਾਂਚ ਟੀਮਾਂ ਲਈ ਪੜ੍ਹਾਈ ਅਤੇ ਵਿਕਾਸ<br>• ਪ੍ਰਦਾਤਾਵਾਂ, ਸੇਵਾਵਾਂ ਦਾ ਇਸਤੇਮਾਲ ਕਰਨ ਵਾਲੇ ਲੋਕਾਂ ਅਤੇ ਹੋਰਨਾਂ ਤਕ ਆਪਣੀ ਪਹੁੰਚ ਨੂੰ ਪਹੁੰਚਾਉਣਾ |

| | |
|---|---|
| **5.** ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਲਾਗੂ ਕਰਨ ਲਈ ਸਿਧਾਤਾਂ ਦਾ ਸਮਰਥਨ ਕਰਨਾ | • ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਪਣੇ ਕੰਮ ਦੇ ਕੇਂਦਰ ਵਿੱਚ ਰੱਖਣਾ<br>• ਸਾਡੀ ਜਾਂਚ ਦੀ ਪਹੁੰਚ ਵਿੱਚ ਮਨੁੱਖੀ ਅਧਿਕਾਰਾਂ ਨੂੰ ਸਥਾਪਤ ਕਰਨਾ<br>• ਜੇ ਲੋੜ ਪੈਂਦੀ ਹੈ ਤਾਂ CQC ਦੇ ਮਨੁੱਖੀ ਅਧਿਕਾਰ ਦੇ ਮਾਹਰਾਂ ਤੋਂ ਪ੍ਰਾਪਤ ਕੀਤੀ ਇਸ ਮੁਆਫ਼ਕ ਸਲਾਹ ਅਤੇ ਸਹਾਇਤਾ ਦੀ ਜਾਂਚ ਵਿੱਚ ਸ਼ਾਮਲ ਹਰੇਕ ਵਿਅਕਤੀ ਵੱਲੋਂ ਵਰਤੇ ਜਾਣ ਲਈ ਯੋਗ ਬਣਨਾ। |

**6.** ਜਿਵੇਂ ਹੀ ਜਾਂਚ ਦਾ ਨਵਾਂ ਮਾਡਲ ਬਣਦਾ ਹੈ ਉਸਦਾ ਨਿਰੰਤਰ ਸੁਧਾਰ

ਨਿਵੇਕਲਾਪਣ ਮਿਸਾਲ ਲਈ ਮਨੁੱਖੀ ਅਧਿਕਾਰਾਂ ਦੇ ਨਵੇਂ ਨਿਗਰਾਨੀ ਉਪਾਆਂ, ਜਾਂਚ ਤਰੀਕਿਆਂ, ਸਿੱਖਣ ਦੀਆਂ ਪਹੁੰਚਾਂ ਬਾਰੇ ਜਾਂਚ ਕਰਨੀ

ਸਿਹਤ ਅਤੇ ਸਮਾਜਿਕ ਦੇਖਭਾਲ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ CQC ਦੀ ਟਿੱਪਣੀ ਕਰਨ ਵਿੱਚ ਸਮਰੱਥਾ ਲਈ ਸਹਾਇਤਾ ਕਰਨੀ, ਇਸ ਤੋਂ ਇਲਾਵਾ ਸੁਧਾਰ ਨੂੰ ਉਤਸਾਹਿਤ ਕਰਨ ਲਈ ਸਾਡੇ ਵੱਲੋਂ ਕੀਤੀ ਜਾਂਦੀ ਹਰੇਕ ਜਾਂਚ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਸਥਾਪਤ (ਸ਼ਾਮਲ) ਕਰਨਾ।

ਪਹੁੰਚ ਦਾ ਮੁਲਾਂਕਣ

# ਮਨੁੱਖੀ ਅਧਿਕਾਰਾਂ ਤੋਂ ਸਾਡਾ ਕੀ ਭਾਵ ਹੈ?

## (What do we mean by human rights?)

ਆਪਣੇ ਪੰਜ ਪ੍ਰਮੁੱਖ ਪ੍ਰਸ਼ਨਾਂ ਲਈ ਮਨੁੱਖੀ ਪਹੁੰਚ ਦਾ ਵਿਕਾਸ ਕਰਨ ਲਈ, ਅਸੀਂ ਆਮ ਤੌਰ ਤੇ ਸਹਿਮਤ ਹੋਏ 'ਮਨੁੱਖੀ ਅਧਿਕਾਰਾਂ ਦੇ ਸਿਧਾਤਾਂ' ਦੀ ਵਰਤੋਂ ਕਰਦੇ ਹਾਂ। ਕਈ ਵਾਰੀ ਇਹਨਾਂ ਨੂੰ FREDA ਸਿਧਾਂਤ ਕਿਹਾ ਜਾਂਦਾ ਹੈ - ਇਸ ਦੇ ਮਾਅਨੇ ਹਨ ਨਿਰੱਪਖਤਾ (Fairness), ਸਤਿਕਾਰ (Respect), ਸਮਾਨਤਾ (Equality), ਮਾਣ (Dignity), ਅਤੇ ਖੁਦਮੁਖਤਿਆਰੀ (Autonomy) (ਚੋਣ ਅਤੇ ਨਿਯੰਤ੍ਰਣ ਕਰਨਾ)। ਇਹਨਾਂ ਸਿਧਾਂਤਾਂ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਮਨੁੱਖੀ ਅਧਿਕਾਰ ਦੀਆਂ ਸਾਰੀਆਂ ਅੰਤਰਰਾਸ਼ਟਰੀ ਸੰਧੀਆਂ ਨੂੰ ਮਜਬੂਤ ਬਣਾਉਂਦੇ ਹਨ, 1998 ਦੇ ਹਿਊਮਨ ਰਾਈਟਸ ਐਕਟ (Human Rights Act) ਵਿੱਚ ਵਰਤੀਆਂ ਧਾਰਾਵਾਂ ਨੂੰ ਸ਼ਾਮਲ ਕਰਦੇ ਹਨ, ਅਤੇ ਇਕੁਐਲਿਟੀ ਐਕਟ (Equality Act) 2010 ਦੇ ਮੁਤਾਬਕ ਹੁੰਦੇ ਹਨ।

ਅਸੀਂ ਆਪਣੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਵਿੱਚ ਦੋ ਹੋਰ ਸਿਧਾਂਤਾਂ ਨੂੰ ਜੋੜਿਆ ਹੈ: ਜੀਵਨ ਦੇ ਅਧਿਕਾਰ ਬਾਰੇ ਮਨੁੱਖੀ ਅਧਿਕਾਰਾਂ ਦੀ ਧਾਰਾ, ਕਿਉਂਕਿ ਇਹ ਕਾਫੀ ਬੁਨਿਆਦੀ ਹੈ, ਅਤੇ ਸਟਾਫ ਦੇ ਅਧਿਕਾਰਾਂ ਅਤੇ ਉਹਨਾਂ ਨੂੰ ਸਮਰੱਥ ਬਣਾਉਣ ਦਾ ਸਿਧਾਂਤ, ਜੋ ਉਸ ਖੋਜ ਤੇ ਅਧਾਰਤ ਹੈ ਜੋ ਸਟਾਫ ਦੀ ਸਮਰੱਥਾ ਨੂੰ ਉਹਨਾਂ ਵੱਲੋਂ ਮੁਹੱਈਆ ਕੀਤੀ ਜਾਂਦੀ ਦੇਖਭਾਲ ਦੀ ਕੁਆਲਿਟੀ ਨਾਲ ਜੋੜਦੀ ਹੈ।

## 2.1 ਨੀਤੀ ਸਬੰਧੀ ਸੰਦਰਭ

ਅਨੇਕਾਂ ਹਾਲੀਆ ਰਿਪੋਰਟਾਂ, ਜਿਹਨਾਂ ਨੇ ਨੀਤੀ ਵਿੱਚ ਤਬਦੀਲੀਆਂ ਲਿਆਂਦੀਆਂ ਹਨ ਅਤੇ ਸਾਡੇ ਵਿਨਿਯਮ ਦੇ ਨਵੇਂ ਮਾਡਲ ਬਾਰੇ ਸੂਚਿਤ ਕੀਤਾ ਹੈ, ਨੇ ਮਨੁੱਖੀ ਅਧਿਕਾਰਾਂ ਦੀ ਸਿਧਾਂਤਾਂ ਤੇ ਜੋਰ ਦਿੱਤਾ ਹੈ। ਉਹ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਸਾਨੂੰ ਵਿਨਿਯਮ ਲਈ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਸ਼ਾਮਲ ਕਰਨ ਦੀ ਲੋੜ ਹੈ। ਇਹ ਰਿਪੋਰਟਾਂ ਹਨ *ਪੇਸ਼ੇਂਟਸ ਫਸਟ ਐਂਡ ਫਾਰਮੋਸਟ - ਮਿਡ-ਸਟੈਫੋਰਡਸ਼ਾਇਰ ਐਨਐਚਐਸ ਫ਼ਾਊਡੇਸ਼ਨ ਟਰੱਸਟ ਦੀ ਜਨਤਕ ਜਾਂਚ ਦੀ ਰਿਪੋਰਟ ਲਈ ਆਰੰਭਕ ਸਰਕਾਰੀ ਹੁੰਗਾਰਾ (2013 ਡਿਪਾਰਟਮੈਂਟ ਆਫ਼ ਹੈਲਥ)* (*Patients First and Foremost – the initial government response to the report of the mid-Staffordshire NHS Foundation Trust public inquiry* (2013, Department of Health)), *ਏ ਪ੍ਰੌਮਿਸ ਟੂ ਲਰਨ, ਏ ਕਮਿਟਮੈਂਟ ਟੂ ਐਕਟ, ਇੰਗਲੈਂਡ ਵਿੱਚ ਮਰੀਜ਼ਾਂ ਦੀ ਸੁਰੱਖਿਆ ਵਿੱਚ ਸੁਧਾਰ ਕਰਨਾ* (2013, ਇੰਗਲੈਂਡ ਵਿੱਚ ਮਰੀਜ਼ਾ ਦੀ ਸੁਰੱਖਿਆ ਲਈ ਨੈਸ਼ਨਲ ਐਡਵਾਇਜ਼ਰੀ ਗਰੁੱਪ) (*A promise to learn, a commitment to act – improving patient safety in England* (2013, National advisory group on the safety of patients in England)), *ਕੰਪੈਸ਼ਨ ਇਨ ਪ੍ਰੈਕਟਿਸ - ਨਰਸਿੰਗ, ਮਿਡਵਾਇਫ਼ਰੀ ਐਂਡ ਕੇਅਰ ਸਟਾਫ - ਆਵਰ ਵਿਜ਼ਨ ਐਂਡ ਸਟ੍ਰੈਟੇਜੀ* (2013, ਡਿਪਾਰਟਮੈਂਟ ਆਫ਼ ਹੈਲਥ ਅਤੇ ਐਨਐਚਐਸ ਇੰਗਲੈਂਡ) (*Compassion in Practice – Nursing, midwifery and care staff – our vision and strategy* (2013,Department of Health and NHS England)), ਅਤੇ *ਟ੍ਰਾਂਸਫੋਰਮਿੰਗ ਕੇਅਰ - ਵਿੰਟਰਬੌਰਨ ਵਿਊ ਹਸਪਤਾਲ ਦਾ ਰਾਸ਼ਟਰੀ ਹੁੰਗਾਰਾ* (2012, ਡਿਪਾਰਟਮੈਂਟ ਆਫ ਹੈਲਥ) (*Transforming Care – a national response to Winterbourne View hospital* (2012, Department of Health))। ਇਹਨਾਂ ਰਿਪੋਰਟਾਂ ਅਤੇ ਐਨਐਚਐਸ ਸੰਵਿਧਾਨ (2013, ਡਿਪਾਰਟਮੈਂਟ ਆਫ਼ ਹੈਲਥ) ਤੋਂ ਉਭਰ ਕੇ ਸਾਹਮਣੇ ਆਉਣ ਵਾਲੇ ਵਿਸ਼ੇ ਹਨ:

ਮਰੀਜ਼ਾਂ ਨੂੰ 'ਪਹਿਲਾਂ ਤੇ ਸਭ ਤੋਂ ਅੱਗੇ ਰੱਖਣਾ", ਸਿਹਤ ਅਤੇ ਸਮਾਜਿਕ ਦੇਖਭਾਲ ਵਿੱਚ ਕੰਮ ਕਰਨ ਵਾਲੇ ਲੋਕਾਂ ਬਾਰੇ ਵਿਚਾਰ ਕਰਨਾ, ਅਤੇ ਐਨਐਚਐਸ (NHS) ਵਿੱਚ ਮੂਲ ਮਾਨਵਤਾਵਾਦੀ ਮੁੱਲਾਂ ਨੂੰ ਮੁੜ ਤੋਂ ਬਹਾਲ ਕਰਨਾ।

ਮਨੁੱਖੀ ਅਧਿਕਾਰਾਂ ਦੇ ਮਾਣ, ਸਤਿਕਾਰ, ਸਮਾਨਤਾ ਅਤੇ ਖੁਦਮੁਖਤਿਆਰੀ ਦੇ ਸਿਧਾਂਤਾਂ ਦੀ ਪ੍ਰਮੁੱਖ ਮੁੱਲਾਂ ਵੱਜੋਂ ਮੁੜ ਤੋਂ ਪੁਸ਼ਟੀ ਕਰਨੀ।

ਮੁੱਲਾਂ ਅਤੇ ਸਿਹਤ ਸੰਭਾਲ ਦੇ ਸਟਾਫ ਦੇ ਵਿਹਾਰ ਵਿੱਚ ਰਹਿਮਦਿਲੀ ਦੀ ਮਹੱਤਤਾ, ਅਤੇ ਸੇਵਾ ਦੇ ਅੰਦਰ ਉਪਰਲੇ ਪ੍ਰਬੰਧਕਾਂ ਦੀ ਅਗਵਾਈ ਹੇਠ ਸਭਿਆਚਾਰ ਵਿੱਚ ਤਬਦੀਲੀ।

ਮਰੀਜ਼ਾਂ ਅਤੇ ਸਟਾਫ ਦਾ ਸਤਿਕਾਰ ਕਰਨ ਅਤੇ ਉਹਨਾਂ ਨੂੰ ਸਮਰੱਥ ਬਣਾਉਣ ਨਾਲ ਸੇਵਾਵਾਂ ਨੂੰ ਸੁਰੱਖਿਅਤ ਬਣਾਉਣ ਵਿੱਚ ਮਦਦ ਹੁੰਦੀ ਹੈ

ਹਰੇਕ ਵਿਅਕਤੀ ਲਈ ਬਗੈਰ ਵਿਤਕਰੇ ਅਤੇ ਨਿਰਪੱਖ ਮਾਮਲੇ।

## 2.2 ਸਾਡੇ ਮਨੁੱਖੀ ਅਧਿਕਾਰਾਂ ਦੇ ਸਿਧਾਤਾਂ ਦੀਆਂ ਪਰਿਭਾਸ਼ਾਵਾਂ

### (Definitions of our human rights principles)

ਡ੍ਰਾਫਟ ਪਰਿਭਾਸ਼ਾਵਾਂ ਬਾਰੇ ਵਿਚਾਰ-ਵਟਾਂਦਰੇ ਤੋਂ ਬਾਅਦ ਹਰੇਕ ਸਿਧਾਂਤ ਦੀਆਂ ਸਾਡੀਆਂ ਕੰਮਕਾਜੀ ਪਰਿਭਾਸ਼ਾਵਾਂ ਦੀ ਸੂਚੀ ਅੱਗੇ ਦਿੱਤੀ ਹੈ:

ਨਿਰਪੱਖਤਾ – ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਹਨਾਂ ਤਰਫੋਂ ਕੰਮ ਕਰਨ ਵਾਲੇ ਲੋਕਾਂ ਕੋਲ ਆਪਣੀ ਵਿਚਾਰ ਸੁਣੇ ਜਾਣ ਲਈ ਸਪਸ਼ਟ ਅਤੇ ਨਿਰਪੱਖ ਪ੍ਰਕਿਰਿਆਵਾਂ ਤਕ, ਦੇਖਭਾਲ ਅਤੇ ਇਲਾਜ ਬਾਰੇ ਫੈਸਲੇ ਕਰਨ ਲਈ ਅਤੇ ਚਿੰਤਾਵਾਂ ਜਾਂ ਸ਼ਿਕਾਇਤਾਂ ਨੂੰ ਕਰਨ ਅਤੇ ਇਹਨਾਂ ਦੇ ਨਿਪਟਾਰੇ ਤਕ ਪਹੁੰਚ ਹੁੰਦੀ ਹੈ।

ਸਤਿਕਾਰ – ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਵਿਅਕਤੀਆਂ ਦੇ ਰੂਪ ਵਿੱਚ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਉਹਨਾਂ ਦੀ ਗੱਲ ਸੁਣੀ ਜਾਂਦੀ ਹੈ, ਅਤੇ ਉਹਨਾਂ ਲਈ ਮਹੱਤਵਪੂਰਨ ਗੱਲ ਸੇਵਾ ਵੱਲੋਂ ਉਹਨਾਂ ਨੂੰ ਮਹੱਤਵਪੂਰਨ ਹੋਣ ਵੱਜੋਂ ਦੇਖਿਆ ਜਾਣਾ ਹੁੰਦੀ ਹੈ। ਹੋਰਨਾਂ ਲੋਕਾਂ ਦੀ ਤਰਫੋਂ ਕੰਮ ਕਰਨ ਵਾਲੇ ਵਿਅਕਤੀਆਂ, ਜਿਵੇਂ ਕਿ ਪਰਿਵਾਰ ਅਤੇ ਦੋਸਤਾਂ, ਨੂੰ ਵੀ ਅਹਿਮਤੀਅਤ ਦਿੱਤੀ ਜਾਂਦੀ ਹੈ ਅਤੇ ਉਹਨਾਂ ਦੀ ਗੱਲ ਸੁਣੀ ਜਾਂਦੀ ਹੈ।

ਸਮਾਨਤਾ – ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਉਮਰ, ਅਸਮਰੱਥਾ (ਅਪਾਹਜਤਾ), ਲਿੰਗ, ਨਸਲ, ਧਰਮ ਅਤੇ ਆਸਥਾ, ਜਿਨਸੀ ਝੁਕਾਅ, ਲਿੰਗ-ਬਦਲੀ ਅਤੇ ਗਰਭਅਵਸਥਾ ਅਤੇ ਪ੍ਰਸੂਤੀ ਦੀ ਸਥਿਤੀ ਦੇ ਅਧਾਰ ਤੇ ਕਿਸੇ ਤਰ੍ਹਾਂ ਦੇ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਅਤੇ ਉਹਨਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਸ ਵਿੱਚ ਉਹਨਾਂ ਲੋਕਾਂ ਦੀਆਂ ਲੋੜਾਂ ਵੱਲ ਵੀ ਗੌਰ ਕਰਨਾ ਸ਼ਾਮਲ ਹੈ ਜਿਹਨਾਂ ਨੂੰ ਇੱਕ ਤੋਂ ਵੱਧ ਅਧਾਰ ਤੇ ਬਹੁ-ਪਾਸੜ ਵਿਤਕਰੇ ਜਾਂ ਵਾਂਝੇਪਣ (ਹੀਣਤਾ) ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮਾਣ – ਜਿਹੜੇ ਲੋਕ ਸੇਵਾਵਾਂ ਦੀ ਵਰਤੋਂ ਕਰਦੇ ਹਨ ਉਹਨਾਂ ਨਾਲ ਹਮੇਸ਼ਾ ਹਮਦਰਦੀ ਨਾਲ ਮਨੁੱਖਤਾਵਾਦੀ ਤਰੀਕੇ ਅਤੇ ਉਸ ਤਰੀਕੇ ਨਾਲ ਵਿਹਵਾਰ ਕੀਤਾ ਜਾਂਦਾ ਹੈ ਜੋ ਉਹਨਾਂ ਦੇ ਮਨੁੱਖ ਹੋਣ ਵੱਜੋਂ ਉਹਨਾਂ ਨੂੰ ਅਹਿਮੀਅਤ ਦਿੰਦਾ ਹੈ ਅਤੇ ਉਹਨਾਂ ਦੇ ਸਵੈ-ਮਾਣ ਦਾ ਸਮਰਥਨ ਕਰਦਾ ਹੈ, ਭਾਵੇਂ ਉਸ ਸਮੇਂ ਉਹਨਾਂ ਦੀਆਂ ਇੱਛਾਵਾਂ ਬਾਰੇ ਪਤਾ ਨਹੀਂ ਹੁੰਦਾ।

ਖੁਦਮੁਖਤਿਆਰੀ – ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕ ਦੇਖਭਾਲ ਯੋਜਨਾ ਵਿੱਚ, ਆਪਣੀ ਵਿਅਕਤੀਗਤ ਦੇਖਭਾਲ ਅਤੇ ਇਲਾਜ ਵਿੱਚ, ਸੇਵਾ ਵਿਕਾਸ ਵਿੱਚ, ਹੋਰਨਾਂ ਨਾਲ ਆਪਣੇ ਸਬੰਧਾਂ ਵਿੱਚ, ਜਿਵੇਂ ਕਿ ਪਰਿਵਾਰ ਅਤੇ ਉਹਨਾਂ ਦੇ ਦੋਸਤ, ਅਤੇ ਉਹਨਾਂ ਵੱਲੋਂ ਵਰਤੀਆਂ ਜਾਂਦੀਆਂ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਤੋਂ ਅੱਗੇ ਜਾ ਕੇ ਇੱਕ ਨਾਗਰਿਕ ਦੇ ਤੌਰ ਤੇ ਆਪਣੀ ਚੋਣ ਅਤੇ ਨਿਯੰਤ੍ਰਣ ਦੀ ਵੱਧ ਤੋਂ ਵੱਧ ਸੰਭਵ ਵਰਤੋਂ ਕਰ ਸਕਦੇ ਹਨ।

ਜੀਵਨ ਦਾ ਅਧਿਕਾਰ – ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਕੋਲ ਜੀਵਨ ਨੂੰ ਸੁਰੱਖਿਅਤ ਰੱਖਣ ਅਤੇ ਉਹਨਾਂ ਵੱਲੋਂ ਵਰਤੀਆਂ ਜਾਂਦੀਆਂ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਵੱਲੋਂ ਸਤਿਕਾਰ ਕੀਤੇ ਜਾਣ ਦਾ ਅਧਿਕਾਰ ਹੋਵੇਗਾ।

ਸਟਾਫ ਦੇ ਅਧਿਕਾਰ ਅਤੇ ਸਮਰੱਥ ਬਣਾਉਣਾ – ਸਿਹਤ ਅਤੇ ਸਮਾਜਿਕ ਦੇਖਭਾਲ ਵਿੱਚ ਕੰਮ ਕਰ ਰਹੇ ਸਟਾਫ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਅਤੇ ਸਤਿਕਾਰ ਕੀਤਾ ਜਾਂਦਾ ਹੈ, ਜਿਸ ਵਿੱਚ ਚਿੰਤਾਵਾਂ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਉਤਸਾਹਿਤ ਕੀਤਾ ਜਾਣ ਅਤੇ ਇਹਨਾਂ ਤੇ ਵਿਚਾਰ ਕੀਤਾ ਜਾਣਾ, ਗੈਰਕਾਨੂੰਨੀ ਕੰਮ ਵਾਲੀ ਥਾਂ, ਵਿਤਕਰੇ, ਉਤਪੀੜਨ, ਡਰਾਉਣ-ਧਮਕਾਉਣ ਜਾਂ ਹਿੰਸਾ ਤੋਂ ਮੁਕਤ ਹੋਣਾ ਅਤੇ ਉਹਨਾਂ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਸਹਿਯੋਗ ਕਰਨਾ ਅਤੇ ਉਹਨਾਂ ਦੇ ਮਨੁੱਖੀ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰਨਾ ਸ਼ਾਮਲ ਹੈ।

.

# ਮੁਲਾਂਕਣ ਢਾਂਚਿਆਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਸਥਾਪਤ ਕਰਨਾ (Building human rights into assessment frameworks)

ਅਸੀਂ ਆਪਣੇ ਪੰਜ ਪ੍ਰਮੁੱਖ ਪ੍ਰਸ਼ਨਾਂ ਵਿੱਚੋਂ ਹਰੇਕ ਲਈ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਦੀ ਸੂਚੀ ਬਣਾਉਣ ਲਈ ਆਪਣੇ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਦੀ ਵਰਤੋਂ ਕਰ ਰਹੇ ਹਾਂ। ਅਸੀਂ ਇਸ ਵਿਸ਼ੇ ਸੂਚੀ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕਰ ਰਹੇ ਹਾਂ ਕਿ ਸਾਡੇ ਕੋਲ ਸਾਡੀ ਪੁੱਛ-ਗਿੱਛ ਦੀ ਮੁੱਖ ਲਾਈਨ (ਕੀ ਲਾਈਨਜ਼ ਆਫ਼ ਇਨਕੁਆਰੀ) (KLOES) ਵਿੱਚ ਮਨੁੱਖੀ ਅਧਿਕਾਰਾਂ ਲਈ ਸੁਰੱਖਿਆ ਸ਼ਾਮਲ ਹੋਵੇ।

ਅਸੀਂ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਨੂੰ ਨਿਯੰਤ੍ਰਿਤ ਕਰਨ ਸਮੇਂ ਜਿਹਨਾਂ ਗੱਲਾਂ ਬਾਰੇ ਵਿਚਾਰ ਕਰਦੇ ਹਾਂ ਸਾਡੀਆਂ KLOES ਉਸ ਦੇ ਦਾਅਰੇ ਨੂੰ ਪਰਿਭਾਸ਼ਤ ਕਰਦੀਆਂ ਹਨ, ਅਤੇ ਇਸ ਬਾਰੇ ਵੀ ਕਿ ਅਸੀਂ ਸੇਵਾਵਾਂ ਬਾਰੇ ਆਪਣੇ ਨਿਯੰਤ੍ਰਕ ਫੈਸਲੇ ਕਿਵੇਂ ਕਰਾਂਗੇ ਅਤੇ ਅਸੀਂ ਸੇਵਾਵਾਂ ਨੂੰ ਕਿਵੇਂ ਦਰਜਾ ਦੇਵਾਂਗੇ। ਇਹ KLOEs ਸਾਡੇ ਪੰਜ ਪ੍ਰਮੁੱਖ ਪ੍ਰਸ਼ਨਾਂ ਤੇ ਅਧਾਰਤ ਹਨ, ਪਰ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਦਰਮਿਆਨ ਵੱਖੋ-ਵੱਖਰੀਆਂ ਹੋਣਗੀਆਂ।

**ਅਸੀਂ ਦੇਖਭਾਲ** ਦੇ ਬੁਨਿਆਦੀ ਮਿਆਰਾਂ ਬਾਰੇ ਡਿਪਾਰਟਮੈਂਟ ਆਫ਼ ਹੈਲਥ ਨਾਲ ਕੰਮ ਕਰਨ ਸਮੇਂ ਆਪਣੇ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਦੀ ਵਰਤੋਂ ਕੀਤੀ ਹੈ। ਇਹ ਸਿਹਤ ਅਤੇ ਸਮਾਜਿਕ ਦੇਖਭਾਲ ਦੇ ਵਿਨਿਯਮ ਹਨ ਜੋ ਸਾਨੂੰ ਮਾੜੀ ਦੇਖਭਾਲ ਬਾਰੇ ਕਾਰਵਾਈ ਕਰਨ ਲਈ ਕਾਨੂੰਨੀ ਅਧਿਕਾਰ ਦਿੰਦੇ ਹਨ।

ਅਸੀਂ ਮਨੁੱਖੀ ਅਧਿਕਾਰ ਦੀ ਪਹੁੰਚ ਸਬੰਧੀ ਇਸ ਵਿਚਾਰ-ਵਟਾਂਦਰੇ ਵਾਲੇ ਦਸਤਾਵੇਜ਼ ਦੇ ਪੂਰੇ ਸੰਸਕਰਨ ਵਿੱਚ ਆਪਣੇ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਨੂੰ ਪ੍ਰਕਾਸ਼ਤ ਕੀਤਾ ਹੈ, ਜੋ ਸਾਡੀ ਵੈਬਸਾਈਟ (www.cqc.org.uk) ਤੇ ਉਪਲਬਧ ਹੈ।

# ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਸਾਡੇ ਹਰੇਕ ਖੇਤਰ ਦੇ ਵਿਨਿਯਮ ਵਿੱਚ ਲਾਗੂ ਕਰਨਾ (Applying our human rights approach to our regulation of each sector)

ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਰਜਿਸਟ੍ਰੇਸ਼ਨ ਅਤੇ ਜਾਂਚ ਟੀਮਾਂ ਕੋਲ ਮਨੁੱਖੀ ਅਧਿਕਾਰਾਂ ਬਾਰੇ ਫੈਸਲਾ ਕਰਨ ਲਈ ਜਾਣਕਾਰੀ, ਤਰੀਕੇ ਅਤੇ ਹੁਨਰ ਹੋਣ। ਤਿੰਨ ਪ੍ਰਮੁੱਖ ਤਰੀਕੇ ਹਨ ਜਿਸ ਨਾਲ ਅਸੀਂ ਟੀਮਾਂ ਨੂੰ ਅਜਿਹਾ ਕਰਨ ਲਈ ਸਹਾਇਤਾ ਕਰ ਸਕਦੇ ਹਾਂ - ਇਹਨਾਂ ਦਾ ਵਰਨਣ ਹੇਠਾਂ ਕੀਤਾ ਗਿਆ ਹੈ। ਅਸੀਂ ਇਸ ਨੂੰ ਜਿਸ ਤਰੀਕੇ ਨਾਲ ਕਰਾਂਗੇ ਉਹ ਵੱਖ-ਵੱਖ ਸੈਕਟਰਾਂ ਵਿੱਚ ਵੱਖੋ-ਵੱਖਰਾ ਹੋਵੇਗਾ - ਮਿਸਾਲ ਲਈ ਐਕਿਊਟ ਹਸਪਤਾਲਾਂ, ਮਾਨਸਿਕ ਸਿਹਤ ਦੇ ਹਸਪਤਾਲਾਂ, GP ਸੇਵਾਵਾਂ, ਰਿਹਾਇਸ਼ੀ ਬਾਲਗ ਸਮਾਜਿਕ ਦੇਖਭਾਲ ਸੇਵਾਵਾਂ ਅਤੇ ਘਰੇਲੂ ਦੇਖਭਾਲ ਸੇਵਾਵਾਂ।

## 4.1 ਮਨੁੱਖੀ ਅਧਿਕਾਰਾਂ ਲਈ ਜੋਖਮ ਦੀ ਪਹਿਚਾਣ ਕਰਨੀ (Identifying risk to human rights)

ਵਿਨਿਯਮ ਲਈ ਸਾਡੀ ਨਵੀਂ ਪਹੁੰਚ ਇਹ ਪਹਿਚਾਣ ਕਰਨ ਲਈ 'ਸਿਆਣਪ-ਭਰੇ ਨਿਰੀਖਣ' ਦੀ ਵਰਤੋਂ ਕਰਦੀ ਹੈ ਕਿ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਕਿੱਥੇ ਜੋਖਮ ਹਨ - ਜੋ ਡੈਟੇ ਅਤੇ ਸਬੂਤ ਅਤੇ ਲੋਕਾਂ ਤੋਂ ਮਿਲੀ ਜਾਣਕਾਰੀ 'ਤੇ ਅਧਾਰਤ ਹੁੰਦੇ ਹਨ।

ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਸਥਾਪਤ ਕਰਨ ਲਈ, ਅਸੀਂ ਆਪਣੇ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਦੀ ਸ਼ਮੂਲੀਅਤ ਲਈ ਜੋਖਮ ਦੇ ਸੂਚਕਾਂ ਦੀ ਜਾਂਚ ਕਰਾਂਗੇ, ਅਤੇ ਫੇਰ ਅਸੀਂ ਇਸ ਗੱਲ ਬਾਰੇ ਗੌਰ ਕਰਾਂਗੇ ਕਿ ਕੀ ਮੌਜੂਦਾ ਡੈਟੇ ਅਤੇ ਜਾਣਕਾਰੀ ਦੇ ਸ੍ਰੋਤਾਂ ਦੀ ਵਰਤੋਂ ਕਰਕੇ ਖਾਸ ਸੰਕੇਤਕਾਂ ਦਾ ਵਿਕਾਸ ਕਰਕੇ ਕਿਸੇ ਅੰਤਰ ਨੂੰ ਪੂਰਾ ਕੀਤਾ ਜਾ ਸਕਦਾ ਹੈ।

## 4.2 ਮਨੁੱਖੀ ਅਧਿਕਾਰਾਂ ਲਈ ਜਾਂਚ ਕਰਨੀ (Inspecting for human rights)

### ਜਾਂਚ

ਸਾਡੀਆਂ ਜਾਂਚ ਟੀਮਾਂ ਨੂੰ ਅਜਿਹੇ ਢੰਗ-ਤਰੀਕਿਆਂ ਦੀ ਲੋੜ ਹੈ ਜੋ ਮਨੁੱਖੀ ਅਧਿਕਾਰਾਂ ਦੇ ਵਿਸ਼ਿਆਂ ਬਾਰੇ ਫੈਸਲੇ ਕਰਨ ਵਿੱਚ ਉਹਨਾਂ ਦੀ ਮਦਦ ਕਰਨਗੇ। ਅਸੀਂ ਮਨੁੱਖੀ ਅਧਿਕਾਰਾਂ ਨੂੰ ਜਾਂਚ ਲਈ ਕਿਵੇਂ ਸਥਾਪਤ ਕਰਦੇ ਹਾਂ ਇਹ ਸੇਵਾ ਦੀ ਕਿਸਮ ਮੁਤਾਬਕ ਵੱਖੋ-ਵੱਖਰਾ ਹੋਵੇਗਾ।

ਅਸੀਂ ਨਵੇਂ ਜਾਂਚ ਤਰੀਕਿਆਂ ਨੂੰ ਦੀ ਜਾਣ-ਪਛਾਣ (ਪੇਸ਼ ਕਰਨ) ਕਰਵਾਉਣ ਦੇ ਹਿੱਸੇ ਵੱਜੋਂ ਆਪਣੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੀ ਪੜਤਾਲ ਕੀਤੀ ਹੈ, ਮਿਸਾਲ ਲਈ ਅਸੀਂ ਬਾਲਗ ਸਮਾਜਿਕ ਦੇਖਭਾਲ ਸੇਵਾਵਾਂ ਅਤੇ ਉਹਨਾਂ ਸੇਵਾਵਾਂ ਨੂੰ ਮੁਹੱਈਆ ਕਰਨ ਵਾਲੇ ਲੋਕਾਂ ਲਈ ਸਰਵੇਖਣਾਂ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਪ੍ਰਸ਼ਨਾਂ ਨੂੰ ਸ਼ਾਮਲ ਕੀਤਾ ਹੈ। ਜਾਂਚ ਸੇਵਾਵਾਂ ਦੇ ਸਾਡੇ ਨਵੇਂ ਤਰੀਕਿਆਂ ਦਾ ਵਿਕਾਸ ਹੋਣ ਦੇ ਨਾਲ, ਅਸੀਂ ਇਸ ਬਾਰੇ ਮੁਲਾਂਕਣ ਕਰਨਾ ਜਾਰੀ ਰੱਖਾਂਗੇ ਕਿ ਸਾਡੇ ਤਰੀਕੇ ਕਿਸ ਤਰ੍ਹਾਂ ਨਾਲ ਕੰਮ ਕਰ ਰਹੇ ਹਨ।

ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਵਿਭਿੰਨ ਪ੍ਰਕਾਰ ਦੇ ਲੋਕ ਹਸਪਤਾਲਾਂ ਦੀ ਜਾਂਚ ਕੀਤੇ ਜਾਣ ਬਾਰੇ ਆਪਣੇ ਸੁਝਾਅ ਦੇਣ ਵਿੱਚ ਸ਼ਾਮਲ ਹੋਣ, ਮਿਸਾਲ ਲਈ, ਜਨਤਾ ਦੀ ਗੱਲ ਸੁਣਨ ਦੇ ਸਾਡੇ ਪ੍ਰੋਗਰਾਮਾਂ ਵਾਸਤੇ ਘੱਟੋ-ਘੱਟ ਪਹੁੰਚ ਲੋੜਾਂ ਨੂੰ ਤੈਅ ਕਰਕੇ, ਅਤੇ ਖਾਸ ਭਾਈਚਾਰਿਆਂ ਦੇ ਵਿਚਾਰਾਂ ਨੂੰ ਇਕੱਤਰ ਕਰਨ ਵਲ ਸੇਧਤ ਫੋਕਸ ਗਰੁੱਪਾਂ ਨੂੰ ਚਲਾਉਣ ਲਈ ਸਵੈ-ਸੇਵੀ ਅਤੇ ਭਾਈਚਾਰੇ ਦੇ ਸੈਕਟਰ ਦੇ ਸਮੂਹਾਂ ਦੀ ਸ਼ੁਰੂਆਤ ਕਰਕੇ।

ਅਸੀਂ ਸਵੈ-ਸੇਵੀ ਅਤੇ ਭਾਈਚਾਰਕ ਸਮੂਹਾਂ, ਜਿਸ ਵਿੱਚ ਸਮਾਨਤਾ ਸਮੂਹ ਵੀ ਸ਼ਾਮਲ ਹਨ, ਨਾਲ ਸਥਾਨਕ ਰਿਸ਼ਤਿਆਂ ਦੇ ਪ੍ਰਬੰਧ ਲਈ ਵੀ ਆਪਣੀ ਪਹੁੰਚ ਬਣਾ ਰਹੇ ਹਾਂ।

### ਰਜਿਸਟ੍ਰੇਸ਼ਨ

ਸਾਡੇ ਕੋਲ ਵਿਸ਼ੇਸ਼ ਸਟਾਫ ਹੈ ਜੋ ਨਵੀਆਂ ਸੇਵਾਵਾਂ ਨੂੰ ਰਜਿਸਟਰ ਕਰਦਾ ਹੈ ਅਤੇ ਨਵੇਂ ਮੈਨੇਜਰਾਂ ਬਾਰੇ ਪੜਤਾਲ ਕਰਦਾ ਹੈ, ਮਿਸਾਲ ਲਈ ਅਸੀਂ ਇਹ ਯਕੀਨੀ ਬਣਾਉਣ ਲਈ ਆਪਣੀ ਰਜਿਸਟ੍ਰੇਸ਼ਨ ਕਾਰਜ-ਪ੍ਰਕਿਰਿਆ ਦੀ ਸਮੀਖਿਆ ਕਰ ਰਹੇ ਹਾਂ ਕਿ ਇਹ ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਸ਼ਾਮਲ ਕਰੇ।

## 4.3 ਮਨੁੱਖੀ ਅਧਿਕਾਰਾਂ ਵਿੱਚ ਭਰੋਸਾ ਪੈਦਾ ਕਰਨਾ: ਰਜਿਸਟ੍ਰੇਸ਼ਨ ਅਤੇ ਜਾਂਚ ਟੀਮਾਂ ਲਈ ਸਿੱਖਿਆ ਅਤੇ ਵਿਕਾਸ (Building confidence in human rights: learning and development for registration and inspection teams)

ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਦਾ ਅਸਰ ਮਨੁੱਖੀ ਅਧਿਕਾਰਾਂ ਬਾਰੇ ਸਾਡੀਆਂ ਰਸਿਟ੍ਰੇਸ਼ਨ ਅਤੇ ਜਾਂਚ ਟੀਮਾਂ ਦੀ ਜਾਗਰੂਕਤਾ, ਜਾਣਕਾਰੀ ਅਤੇ ਹੁਨਰਾਂ ਉੱਤੇ ਅਤੇ ਮਨੁੱਖੀ ਅਧਿਕਾਰਾਂ ਵਲ ਕੇਂਦਰਤ ਉਹਨਾਂ ਦੀ ਪ੍ਰੇਰਣਾ ਅਤੇ ਇੱਛਾ ਤੇ ਨਿਰਭਰ ਕਰਦਾ ਹੈ।

ਮਨੁੱਖੀ ਅਧਿਕਾਰਾਂ ਲਈ ਸਿੱਖਣ ਅਤੇ ਵਿਕਾਸ ਦੀ ਸਾਡੀ ਪਹੁੰਚ ਵਿੱਚ ਅੱਗੇ ਦਿੱਤੀਆਂ ਗੱਲਾਂ ਸ਼ਾਮਲ ਹੋਣਗੀਆਂ:

ਮਨੁੱਖੀ ਅਧਿਕਾਰਾਂ ਬਾਰੇ ਸਿੱਖਿਆ ਜੋ ਕੰਮ ਦੀਆਂ ਭੂਮਿਕਾ ਲਈ ਖਾਸ ਹੈ, ਜਿਸ ਨੂੰ ਸਟਾਫ ਲਈ ਵਿਆਪਕ ਸਿਖਲਾਈ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਹਰੇਕ ਵਿਅਕਤੀ ਲਈ ਰੁਤਬੇ ਲਿੱਚ ਬਰਾਬਰ ਦੇ ਸਾਥੀਆਂ ਨਾਲ ਸਿੱਖਿਆ ਅਤੇ ਜਾਣਕਾਰੀ ਸਾਂਝੀ ਕਰਨੀ।

ਕੁਝ ਸਟਾਫ ਮੈਂਬਰਾਂ ਨੂੰ ਮਨੁੱਖੀ ਅਧਿਕਾਰਾਂ ਦੇ ਮਾਹਰ ਬਣਨ ਲਈ ਤਿਆਰ ਕਰਨਾ।

ਅਸੀਂ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਬਣੇ ਕਮਿਸ਼ਨ (Equality and Human Rights Commission) ਨਾਲ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੀ ਸਿਖਲਾਈ ਦੇ ਪ੍ਰੋਗਰਾਮ ਦੀ ਵਿਓਂਤ ਬਣਾਵਾਂਗੇ, ਇਸ ਨੂੰ ਪ੍ਰਦਾਨ ਕਰਾਂਗੇ ਅਤੇ ਇਸ ਦਾ ਮੁਲਾਂਕਣ ਕਰਾਂਗੇ।

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਸੀਂ CQC ਵਿੱਚ ਸਭਿਆਚਾਰਕ ਤਬਦੀਲੀ ਜ਼ਰੀਏ ਆਪਣੇ ਸਟਾਫ ਲਈ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਨੂੰ ਪ੍ਰੋਤਸਾਹਿਤ ਕਰੀਏ, ਮਿਸਾਲ ਲਈ, CQC ਦੇ ਮੈਨੇਜਰਾਂ ਦੀ ਸਾਰੇ ਸਟਾਫ ਲਈ ਸਮਾਨਤਾ ਨੂੰ ਯਕੀਨੀ ਬਣਾਉਣ ਲਈ ਉਹਨਾਂ ਦੀ ਭੂਮਿਕਾ ਬਾਰੇ ਸਿੱਖਿਆ ਜ਼ਰੀਏ ਅਸੀਂ ਅਜਿਹਾ ਕਰਾਂਗੇ।

## 4.4 ਮਨੁੱਖੀ ਅਧਿਕਾਰਾਂ ਲਈ ਆਪਣੀ ਪਹੁੰਚ ਬਾਰੇ ਦੱਸਣਾ (Communicating our approach to human rights)

ਪ੍ਰਦਾਤਾਵਾਂ ਨੂੰ ਮਨੁੱਖੀ ਅਧਿਕਾਰਾਂ ਦੀ ਆਪਣੀ ਪਹੁੰਚ ਬਾਰੇ ਦੱਸਣ ਨਾਲ ਪ੍ਰਦਾਤਾਵਾਂ ਨੂੰ ਇਹ ਵਿਚਾਰ ਕਰਨ ਲਈ ਉਤਸਾਹ ਮਿਲੇਗਾ ਕਿ ਉਹ ਮਨੁੱਖੀ ਅਧਿਕਾਰਾਂ ਨੂੰ ਕਿਵੇਂ ਪ੍ਰੋਤਸਾਹਿਤ ਕਰ ਸਕਦੇ ਹਨ ਅਤੇ

ਇਹ ਯਕੀਨੀ ਬਣਾਉਣ ਲਈ ਨਿਯੰਤ੍ਰਕ ਵੱਜੋਂ ਸਾਡੀ ਭੂਮਿਕਾ ਬਾਰੇ ਸਪਸ਼ਟਤਾ ਪ੍ਰਦਾਨ ਕਰੇਗਾ ਕਿ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕੀਤੀ ਜਾਵੇ, ਸਤਿਕਾਰ ਕੀਤਾ ਜਾਵੇ ਅਤੇ ਉਹਨਾਂ ਨੂੰ ਪੂਰਾ ਕੀਤਾ ਜਾਵੇ।

ਮਨੁੱਖੀ ਅਧਿਕਾਰਾਂ ਦੀ ਸਾਡੀ ਪਹੁੰਚ ਨੂੰ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ, ਸੇਵਾ ਪ੍ਰਦਾਤਾਵਾਂ ਅਤੇ ਆਮ ਲੋਕਾਂ ਨੂੰ ਦੱਸਣ ਨਾਲ ਲੋਕਾਂ ਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਮਦਦ ਮਿਲੇਗੀ। ਇਹ ਮਨੁੱਖੀ ਅਧਿਕਾਰਾਂ ਦੇ ਸਬੰਧ ਵਿੱਚ ਸੇਵਾ ਦੀ ਕਾਰਗੁਜ਼ਾਰੀ ਬਾਰੇ ਢੁਕਵੀਂ ਜਾਣਕਾਰੀ ਇਕੱਤਰ ਕਰਨ ਵਿੱਚ ਵੀ ਸਾਡੀ ਮਦਦ ਕਰੇਗੀ।

# ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਲਾਗੂ ਕਰਨ ਲਈ ਸਿਧਾਂਤ (Principles for applying our human rights approach)

ਹੁਣ ਤਕ ਸਾਡੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੇ ਵਰਨਣ ਕੀਤੇ ਸਾਰੇ ਪਹਿਲੂ (ਅੰਸ਼) ਪਹੁੰਚ ਨੂੰ ਲਾਗੂ ਕਰਨ ਲਈ ਸਾਡੇ ਸਿਧਾਤਾਂ ਦਾ ਸਮਰਥਨ ਕਰਦੇ ਹਨ ਇਹ ਸਿਧਾਂਤ ਹਨ:

- ਸਾਡੀ ਰੈਗੂਲੇਟਰੀ ਪਹੁੰਚ ਵਿੱਚ ਮਨੁੱਖੀ ਅਧਿਕਾਰਾਂ ਨੂੰ ਸਥਾਪਤ ਕਰਨਾ - ਜਿਵੇਂ ਕਿ ਸੈਕਸ਼ਨ 4 ਵਿੱਚ ਵਰਨਣ ਕੀਤਾ ਗਿਆ, ਅਸੀਂ ਅਜਿਹਾ ਮਨੁੱਖੀ ਅਧਿਕਾਰਾਂ ਦੇ ਪ੍ਰਮੁੱਖ ਵਿਸ਼ਿਆਂ ਨੂੰ ਪ੍ਰਭਾਸ਼ਿਤ ਕਰਕੇ ਅਤੇ ਇਹ ਯਕੀਨੀ ਬਣਾ ਕੇ ਕਰਾਂਗੇ ਕਿ ਇਹ ਸਾਡੇ ਮੁਲਾਂਕਣ ਢਾਂਚੇ ਅੰਦਰ (ਸ਼ਾਮਲ) ਹੋਣ, ਇਸ ਤੋਂ ਬਾਅਦ ਨਿਰੀਖਣ ਵਿਵਸਥਾ, ਤਰੀਕਿਆਂ ਅਤੇ ਸਾਧਨਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਸਾਰੀ ਕਰਕੇ ਅਜਿਹਾ ਕਰਾਂਗੇ।
- ਇਹ ਯਕੀਨੀ ਬਣਾਉਣਾ ਕਿ ਜਿਹੜਾ ਸਟਾਫ ਮਨੁੱਖੀ ਅਧਿਕਾਰਾਂ ਦਾ ਮਾਹਰ ਨਹੀਂ ਹੈ ਉਹ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੀ ਵਰਤੋਂ ਕਰ ਸਕੇ - ਹਿਊਮਨ ਰਾਈਟਸ ਐਕਟ 1998 ਦੀਆਂ ਜ਼ਿਆਦਾ ਪੇਚੀਦਾ ਧਾਰਾਵਾਂ ਦੀ ਬਜਾਏ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਦੇ ਇੱਕ ਸੈੱਟ (ਸਮੂਹ) ਨੂੰ ਸਾਡੀ ਪਹੁੰਚ ਦੇ ਅਧਾਰ ਵੱਜੋਂ ਵਰਤਣ ਜ਼ਰੀਏ, ਅਤੇ ਫੇਰ ਸੈਕਸ਼ਨ 4 ਵਿੱਚ ਵਰਨਣ ਕੀਤੇ ਮੁਤਾਬਕ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਲਾਗੂ ਕਰਨ ਲਈ ਜਾਂਚ ਟੀਮਾਂ ਦੀ ਸਹਾਇਤਾ ਕਰਕੇ (ਅਸੀਂ ਅਜਿਹਾ ਕਰਾਂਗੇ)। ਸਾਡੇ ਨਵੇਂ ਰੈਗੂਲੇਟਰੀ ਮਾਡਲ ਵਿੱਚ ਅਸੀਂ ਜਾਂਚਾਂ ਲਈ ਵੱਖ-ਵੱਖ ਤਰ੍ਹਾਂ ਦੇ ਲੋਕਾਂ ਦੀ ਵਰਤੋਂ ਕਰ ਰਹੇ ਹਾਂ - ਜਿਸ ਵਿੱਚ ਜ਼ਿਆਦਾ ਪੇਸ਼ੇਵਰ ਮਾਹਰ ਅਤੇ ਤਜਰਬੇ ਨਾਲ ਬਣੇ ਮਾਹਰ (Experts by Experience) ਸ਼ਾਮਲ ਹਨ।
- ਮੁਆਫ਼ਕ ਸਲਾਹ ਅਤੇ ਸਹਾਇਤਾ ਕਰਨੀ, ਜੇ ਲੋੜ ਪੈਂਦੀ ਹੈ, ਤਾਂ **CQC** ਅੰਦਰ ਮਨੁੱਖੀ ਅਧਿਕਾਰਾਂ ਦੇ ਮਾਹਰਾਂ ਤੋਂ - ਅਜਿਹੇ ਸਮੇਂ ਵੀ ਹੋਣਗੇ ਜਦੋਂ ਜਾਂਚ ਟੀਮਾਂ ਨੂੰ ਇਸ ਬਾਰੇ ਹੋਰ ਸਹਾਇਤਾ ਦੀ ਲੋੜ ਪਏਗੀ ਕਿ ਮਨੁੱਖੀ ਅਧਿਕਾਰਾਂ ਦੀ ਪਹੁੰਚ ਨੂੰ ਕਿਵੇਂ ਲਾਗੂ ਕਰਨਾ ਹੈ, ਮਿਸਾਲ ਲਈ:
  - ਜਦੋਂ ਅਸੀਂ ਖਾਸ ਮਨੁੱਖੀ ਅਧਿਕਾਰਾਂ ਵੱਲ ਕੇਂਦਰਤ ਨਵੇਂ ਤਰੀਕਿਆਂ ਅਤੇ ਸਾਧਨਾਂ ਦੀ ਸ਼ੁਰੂਆਤ ਕਰ ਰਹੇ ਹੁੰਦੇ ਹਾਂ
  - ਜਦੋਂ ਅਸੀਂ ਨਵੇਂ ਸੈਕਟਰ ਵਿੱਚ ਪਹੁੰਚ ਦੀ ਜਾਂਚ ਕਰ ਰਹੇ ਹੁੰਦੇ ਹਾਂ।

- ਜਿੱਥੇ ਸਟਾਫ ਇਸ ਬਾਰੇ ਸਲਾਹ ਲੈਣੀ ਚਾਹੁੰਦਾ ਹੈ ਕਿ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੇ ਖਾਸ ਜੋਖਮ ਦਾ ਫਾਲੋ-ਅੱਪ ਕਿਵੇਂ ਕਰਨਾ ਹੈ ਜੋ CQC ਵਿੱਚ ਜਾਣਕਾਰੀ ਦੇ ਜ਼ਰੀਏ ਜਾਹਰ ਹੋ ਚੁੱਕਾ ਹੈ।
- ਜਿੱਥੇ ਜਾਂਚ ਵਿੱਚ ਮਾੜੀ ਦੇਖਭਾਲ ਬਾਰੇ ਚਿੰਤਾਵਾਂ ਦਾ ਪਤਾ ਲੱਗਦਾ ਹੈ ਜੋ ਸਿੱਧੇ ਤੌਰ 'ਤੇ ਇਕੁਐਲਿਟੀ ਐਕਟ 2010 ਜਾਂ ਹਿਊਮਨ ਰਾਈਟਸ ਐਕਟ 1998 ਨਾਲ ਸਬੰਧਤ ਹੁੰਦੀਆਂ ਹਨ।

ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੀਆਂ (Equality and Human Rights) ਸੈਂਟ੍ਰਲ (ਕੇਂਦਰੀ) ਟੀਮਾਂ ਇਹਨਾਂ ਹਾਲਾਤ ਵਿੱਚ ਜਾਂਚ ਟੀਮਾਂ ਨੂੰ ਮਾਹਰਾਨਾ ਸਹਾਇਤਾ ਦਾ ਦੇਣਾ ਜਾਰੀ ਰੱਖਣਗੀਆਂ। ਸੈਂਟ੍ਰਲ ਟੀਮ ਇਕੁਐਲਿਟੀ ਅਤੇ ਹਿਊਮਨ ਰਾਈਟਸ ਕਮਿਸ਼ਨ (EHRC) ਤੋਂ ਮਾਹਰਾਨਾ ਸਲਾਹ ਲਈ ਵੀ ਬੇਨਤੀ ਕਰ ਸਕਦੀਆਂ ਹਨ।

ਅਸੀਂ CQC ਸਟਾਫ ਦੇ ਹੁਨਰਾਂ ਸਬੰਧੀ ਸਰਵੇਖਣਾਂ ਦੇ ਨਤੀਜਿਆਂ ਦੀ ਵਰਤੋਂ ਕਰਨ ਦੀ ਯੋਜਨਾ ਵੀ ਬਣਾਉਂਦੇ ਹਾਂ, ਜੋ ਸਟਾਫ ਨੂੰ ਅਜਿਹੀ ਕਿਸੇ ਮਹਾਰਤ ਬਾਰੇ ਦੱਸਣ ਦੇ ਸਮਰੱਥ ਬਣਾਏਗਾ ਜੋ ਉਹਨਾਂ ਵਿੱਚ ਹੁੰਦੀ ਹੈ। ਅਸੀਂ ਆਪਣੇ ਜਾਂਚ ਕਰਮਚਾਰੀਆਂ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਖਾਸ ਜਾਣਕਾਰੀ, ਹੁਨਰਾਂ ਅਤੇ ਮਹਾਰਤ ਤੋਂ ਬਿਹਤਰ ਗੱਲਾਂ ਲੈਣ (ਅਪਨਾਉਣ) ਦੀ ਕੋਸ਼ਿਸ਼ ਕਰਦੇ ਹਾਂ।

# ਨਿਰੰਤਰ ਸੁਧਾਰ ਅਤੇ ਰਾਸ਼ਟਰੀ ਰਿਪੋਰਟਿੰਗ

## (Continuous improvement and national reporting)

ਅਸੀਂ ਆਪਣੇ ਮਨੁੱਖੀ ਅਧਿਕਾਰਾਂ ਦੀ ਪਹੁੰਚ ਦੇ ਵਿਕਾਸ ਦੇ ਅਹਿਮ ਪੜਾਆਂ ਵਿੱਚ ਮੁਲਾਂਕਣ ਕਰਨ ਲਈ ਵਚਨਬੱਧ ਹਾਂ। ਅਸੀਂ ਸੇਵਾ ਦੀ ਵਰਤੋਂ ਕਰਨ ਵਾਲੇ ਲੋਕਾਂ ਲਈ ਨਤੀਜਿਆਂ ਬਾਰੇ ਮੁਲਾਂਕਣ ਨੂੰ ਆਪਣਾ ਅਧਾਰ ਬਣਾਵਾਂਗੇ। ਸਾਨੂੰ ਇਸ ਪ੍ਰਸ਼ਨ ਦਾ ਉੱਤਰ ਦੇਣ ਲੋੜ ਹੈ: ਮਨੁੱਖੀ ਅਧਿਕਾਰਾਂ ਬਾਰੇ ਸਾਡੀ ਪਹੁੰਚ ਨੇ ਵਿਹਵਾਰਕ ਰੂਪ ਵਿੱਚ ਇਹ ਯਕੀਨੀ ਬਣਾਉਣ ਲਈ ਕਿਵੇਂ ਯੋਗਦਾਨ ਪਾਇਆ ਹੈ ਕਿ ਲੋਕਾਂ ਨੂੰ ਮਿਲਣ ਵਾਲੀ ਦੇਖਭਾਲ ਸੁਰੱਖਿਅਤ, ਪ੍ਰਭਾਵਸ਼ਾਲੀ, ਹਮਦਰਦੀਪੂਰਨ ਅਤੇ ਉੱਚ ਦਰਜੇ ਦੀ ਹੈ?

ਆਪਣੀ ਮਨੁੱਖੀ ਅਧਿਕਾਰਾਂ ਦੀ ਪਹੁੰਚ ਦਾ ਮੁਲਾਂਕਣ ਕਰਨ ਲਈ ਅਸੀਂ ਸਿਹਤ ਅਤੇ ਸਮਾਜਿਕ ਦੇਖਭਾਲ ਸੇਵਾਵਾਂ ਦੇ ਪ੍ਰਦਾਤਾਵਾਂ, ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਦੋਸਤਾਂ ਤੋਂ

ਪ੍ਰਤੀਕਰਮ ਲਵਾਂਗੇ - ਇਸ ਤੋਂ ਇਲਾਵਾ ਸਾਡੇ ਰੈਗੂਲੇਟਰੀ ਕੰਮ, ਜਿਵੇਂ ਕਿ ਜਾਂਚ ਰਿਪੋਰਟਾਂ, ਦੇ ਨਤੀਜਿਆਂ 'ਤੇ ਗੌਰ ਕਰਾਂਗੇ।

ਅਸੀਂ ਜੋ ਜਾਣਕਾਰੀ ਹਾਸਲ ਕਰਦੇ ਹਾਂ ਉਸ ਨੂੰ ਖਾਸ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਬਾਰੇ ਗਹਿਰਾਈ ਵਿੱਚ ਜਾ ਕੇ ਸਮੀਖਿਆਵਾਂ ਕਰਨ ਲਈ ਵਰਤ ਸਕਦੇ ਹਾਂ।

ਅਸੀਂ ਚਾਹੁੰਦੇ ਹਾਂ ਕਿ ਸਾਡੀ ਮਨੁੱਖਾਂ ਅਧਿਕਾਰਾਂ ਦੀ ਪਹੁੰਚ ਨਾ ਸਿਰਫ ਹਰੇਕ ਪ੍ਰਦਾਤਾ ਲਈ ਸਾਡੇ ਵਿਨਿਯਮ ਵਿੱਚ ਸੁਧਾਰ ਕਰੇ, ਬਲਕਿ ਸੁਧਾਰ ਦੇ ਅਗਲੇਰੇ ਲੀਵਰਜ਼ ਵੱਜੋਂ, ਸਿਹਤ ਅਤੇ ਸਮਾਜਿਕ ਸੈਕਟਰਾਂ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਟਿੱਪਣੀ ਕਰਨ ਲਈ ਸਾਨੂੰ ਸਮਰੱਥ ਬਣਾਏ।

ਅਸੀਂ ਇਸ ਬਾਰੇ ਗੌਰ ਕਰਾਂਗੇ ਕਿ ਸਾਡੀ ਨਵੀਂ ਪਹੁੰਚ ਵੱਲੋਂ ਮੁਹੱਈਆ ਕੀਤੇ ਮੌਕੇ ਮੌਜੂਦਾ ਕਾਨੂੰਨ ਤਹਿਤ ਸਾਡੀਆਂ ਜ਼ਿੰਮੇਵਾਰੀਆਂ ਵਿੱਚ ਕਿਵੇਂ ਸੁਧਾਰ ਲਿਆ ਸਕਦੇ ਹਨ। ਇਹ ਯੂਨਾਈਟਡ ਨੇਸ਼ਨਜ਼ ਆਪਸ਼ਨਲ ਪ੍ਰੋਟੋਕੋਲ ਟੂ ਦ ਕਨਵੈਨਸ਼ਨ ਅਗੇਂਸਟ ਟਾਰਚਰ (ਅਤਿਆਚਾਰ ਵਿਰੁੱਧ ਕਨਵੈਨਸ਼ਨ ਲਈ ਸੰਯੁਕਤ ਰਾਸ਼ਟਰ ਦਾ ਵਿਕਲਪਿਕ ਪ੍ਰੋਟੋਕੋਲ) (United Nations Optional Protocol to the Convention against Torture) (OPCAT) ਤਹਿਤ ਨੈਸ਼ਨਲ ਪ੍ਰਵੈਨਟੇਟਿਵ ਮੈਕਾਨੇਜ਼ਿਮ (ਰਾਸ਼ਟਰੀ ਰੋਕਮਈ ਢਾਂਚੇ) ਵੱਜੋਂ ਸਾਡੀ ਭੂਮਿਕਾ, ਅਤੇ ਮੈਂਟਲ ਹੈਲਥ ਐਕਟ 1983 ਅਤੇ ਮੈਂਟਲ ਕੈਪੇਸਿਟੀ ਐਕਟ 2005, ਜਿਸ ਵਿੱਚ ਡਿਪ੍ਰਾਇਵੇਸ਼ਨ ਆਫ ਲਿਬਰਟੀ ਸੇਫਗਾਰਡਸ (Deprivation of Liberty Safeguards) ਵੀ ਸ਼ਾਮਲ ਹੈ, ਤਹਿਤ ਸਾਡੇ ਫ਼ਰਜ਼ਾਂ ਨੂੰ ਵੀ ਸ਼ਾਮਲ ਕਰੇਗਾ।

# ਸਾਡੇ ਨਾਲ ਸੰਪਰਕ ਕਰੋ

ਈਮੇਲ ਰਾਹੀਂ

enquiries@cqc.org.uk

ਡਾਕ ਰਾਹੀਂ

ਸਾਨੂੰ ਅੱਗੇ ਦਿੱਤੇ ਪਤੇ ਤੇ ਲਿਖੋ:

CQC National Customer Service Centre
Citygate
Gallowgate
Newcastle upon Tyne
NE1 4PA

ਫ਼ੋਨ ਰਾਹੀਂ:

ਤੁਸੀਂ ਸਾਨੂੰ ਸਾਡੇ ਨੈਸ਼ਨਲ ਕਸਟਮਰ ਸਰਵਿਸ ਸੈਂਟਰ 'ਤੇ ਸੰਪਰਕ ਕਰ ਸਕਦੇ ਹੋ:

ਟੈਲੀਫ਼ੋਨ: 03000 616161

ਫੈਕਸ: 03000 616171